ਸਤਨਾਜਾ

G-429

ਗੁਰਮੁਖ ਨਿਹਾਲ ਸਿੰਘ
ਪ੍ਰਿੰਸੀਪਲ, ਰਾਮਜਸ ਕਾਲਜ, ਦਿੱਲੀ

146

ਦੁਨੀਆਂ ਦੇ ਸਤ ਪ੍ਰਸਿਧ ਤੇ
ਮਹਾਨ ਨਾਵਲਾਂ ਦਾ ਸੰਖੇਪ

ਪੰਜ ਦਰਿਆ
ਨਿਸਬਤ ਰੋਡ, ਲਾਹੌਰ

ਜਾਨਵਰ ਨੰ. 2.ਨ
ਨ 22 ਨ
G
31507
429

ਪਹਿਲੀ ਵਾਰ ੧੯੪੫

ਪ੍ਰਕਾਸ਼ਕ : ਪ੍ਰੋਫੈਸਰ ਮੋਹਨ ਸਿੰਘ
ਮਾਲਕ, ਪੰਜ ਦਰਿਆ, ਲਾਹੌਰ.
ਪ੍ਰਿੰਟਰ : ਬਾਬੂ ਲਾਲਜੀ ਦਾਸ
ਮਾਲਕ, ਐਂਗਲੋਓਰੀਐਂਟਲ ਪ੍ਰੈਸ ਲਾਹੌਰ,

ਭੂਮਕਾ

ਪੰਜਾਬੀ ਸਾਹਿਤ ਨੇ ਪਿਛਲਿਆਂ ਪੰਝੀ ਸਾਲਾਂ ਅੰਦਰ ਵਡੀ ਉਨਤੀ ਕੀਤੀ ਹੈ, ਪਰ ਅਜੇ ਵੀ ਪੰਜਾਬੀ ਸਾਹਿਤ ਨੂੰ ਦੂਜੇ ਪ੍ਰਾਂਤਾਂ ਦੇ ਸਾਹਿਤ ਨਾਲ ਸਮਾਨਤਾ ਪ੍ਰਾਪਤ ਨਹੀਂ ਹੋਈ। ਇਸ ਦਾ ਮੁਖ ਕਾਰਨ ਪੰਜਾਬ ਵਿਚ ਵਧ ਰਹੀ ਫਿਰਕੇਵਾਰ ਕੱਟਰਤਾ ਅਤੇ ਈਰਖਾ ਹੈ ਜਿਸ ਦੇ ਕਾਰਨ ਸੂਬੇ ਦੀਆਂ ਦੋ ਵਡੀਆਂ ਜਮਾਤਾਂ ਮੁਸਲਮਾਨ ਅਤੇ ਹਿੰਦੂ ਪੰਜਾਬੀ ਨੂੰ ਨਹੀਂ ਅਪਣਾਉਂਦੇ ਅਤੇ ਸੂਬੇ ਦੀ ਸਰਕਾਰ ਅਤੇ ਯੂਨੀਵਰਸਟੀ ਪੰਜਾਬੀ ਨੂੰ ਪ੍ਰਾਂਤਿਕ ਵਿਦਿਅਕ ਸਕੀਮ ਵਿਚ ਉਹ ਅਸਥਾਨ ਨਹੀਂ ਦੇਂਦੀ ਜੋ ਦੂਜੇ ਪ੍ਰਾਂਤਾਂ ਅਤੇ ਦੇਸ਼ਾਂ ਵਿਚ ਮਾਤ੍ਰੀ ਬੋਲੀ ਨੂੰ ਹਾਸਲ ਹੈ। ਇਸੇ ਦਾ ਸਦਕਾ ਹੈ ਕਿ ਸਾਡੇ ਬਹੁਤੇ ਵਿਦਵਾਨ ਆਪਣੇ ਵਿਚਾਰਾਂ, ਭਾਵਾਂ ਅਤੇ ਜਜ਼ਬਿਆਂ ਨੂੰ ਪੰਜਾਬੀ ਰਾਹੀਂ ਪ੍ਰਗਟ ਨਹੀਂ ਕਰ ਸਕਦੇ। ਪੰਜਾਬੀ ਦੇ ਕੁਝ ਲਿਖਾਰੀ ਅਜਿਹੇ ਵੀ ਹਨ ਜਿਨ੍ਹਾਂ ਨੂੰ ਦੂਜੇ ਦੇਸ਼ਾਂ ਦੇ ਸਾਹਿਤ ਨਾਲ ਵਧੇਰੇ ਜਾਣ-ਪਛਾਣ ਨਹੀਂ ਅਤੇ ਜਿਨ੍ਹਾਂ ਦੀ ਵਿਦਵਤਾ ਦਾ ਵਿਸਥਾਰ ਵੀ ਵਧੇਰੇ ਵਸੀਹ ਨਹੀਂ। ਇਹਨਾਂ ਹਾਲਤਾਂ ਵਿਚ ਪੰਜਾਬੀ ਸਾਹਿਤ ਦਾ ਦੂਜੇ ਪ੍ਰਾਂਤਾਂ ਅਤੇ ਦੇਸ਼ਾਂ ਦੇ ਸਾਹਿਤ ਤੋਂ ਪਿਛੇ ਰਹਿ ਜਾਣਾ ਜਾਂ ਉਸ ਵਿਚ ਕੁਝ ਤਰੁਟੀਆਂ ਦਾ ਹੋਣਾ ਮੈਨੂੰ ਕੋਈ ਅਸਚਰਜਤਾ ਵਾਲੀ ਗਲ ਨਹੀਂ ਜਾਪਦੀ।

ਮੈਨੂੰ ਬਹੁਤਿਆਂ ਪੰਜਾਬੀ ਨਾਵਲਾਂ ਅਥਵਾ ਕਹਾਣੀਆਂ ਪੜ੍ਹਨ ਦਾ ਅਵਸਰ ਨਹੀਂ ਮਿਲਿਆ, ਪਰ ਮੇਰਾ ਵਿਸ਼ਵਾਸ ਹੈ ਕਿ ਅਸੀਂ ਨਾਵਲ

ਨਵੀਸੀ ਵਿਚ ਅਜਾਂਹ-ਵਧੂ ਪਛਮੀ ਕਲਾਕਾਰਾਂ ਪਾਸੋਂ ਬਹੁਤ ਕੁਝ ਸਿਖ ਸਕਦੇ ਹਾਂ। ਪਛਮੀ ਦੇਸ਼ਾਂ ਵਿਚ ਨਾਵਲ ਲਿਖਣ ਦੀ ਕਲਾ ਬੜੀ ਉਨਤੀ ਕਰ ਚੁਕੀ ਹੈ। ਨਵੀਨ ਮਾਨਸਿਕ ਵਿਗਿਆਨ ਨੇ ਕਲਾਕਾਰਾਂ ਨੂੰ ਮਨੁਖੀ ਆਸ਼ਾ, ਅਭਿਲਾਸ਼ਾ, ਵਾਸ਼ਨਾਂ, ਜ਼ਜ਼ਬਿਆਂ, ਮਨੋ-ਕਾਮਨਾਂ, ਵਿਚਾਰਾਂ ਆਦ ਦੇ ਸਮਝਣ ਅਤੇ ਵਰਨਨ ਕਰਨ ਵਿਚ ਬੜੀ ਸਹਾਇਤਾ ਕੀਤੀ ਹੈ। ਅਜ ਕਲ ਪਛਮੀ ਨਾਵਲਿਸਟ ਅਸਲੀਅਤ ਅਤੇ ਮਨੁਖੀ ਵਾਸ਼ਨਾਂ ਅਤੇ ਭਾਵਾਂ ਨੂੰ ਵਡੀ ਸੁੰਦਰਤਾ ਅਤੇ ਯੋਗਤਾ ਨਾਲ ਸਾਡੇ ਸਾਹਮਣੇ ਰਖਦੇ ਹਨ। ਪਿਛਲੇ ਤੀਹਾਂ ਸਾਲਾਂ ਵਿਚ ਕਹਾਣੀ ਉਸਾਰਨ ਅਤੇ ਮਨੁਖੀ ਚਿਤਰ ਖਿਚਣ ਦੇ ਤਰੀਕੇ ਵੀ ਕਾਫੀ ਬਦਲ ਚੁਕੇ ਹਨ।

ਉੱਨੀਵੀਂ ਸਦੀ ਅਤੇ ਓਸ ਤੋਂ ਪਹਿਲਾਂ ਦੇ ਸਾਹਿਤ ਦੇ ਕੁਝ ਰਸੀਏ ਨਵੀਨ ਸਾਹਿਤ ਨੂੰ ਵਧੇਰੇ ਉਚਾ ਦਰਜਾ ਨਹੀਂ ਦੇਂਦੇ, ਪਰ ਉਨ੍ਹਾਂ ਦੀ ਇਹ ਰਾਏ ਠੀਕ ਜਾਂ ਨਿਰਪੱਖ ਆਖੀ ਨਹੀਂ ਜਾ ਸਕਦੀ। ਉਨ੍ਹਾਂ ਨੂੰ ਉਨ੍ਹਾਂ ਦੇ ਪਹਿਲੇ ਸਾਹਿਤ ਦੇ ਪ੍ਰੇਮ ਨੇ ਪਖਪਾਤੀ ਬਣਾ ਦਿਤਾ ਹੈ ਅਤੇ ਉਹ ਇਸ ਯੋਗ ਨਹੀਂ ਰਹੇ ਕਿ ਉਹ ਨਵੀਨ ਸਾਹਿਤ ਨਾਲ ਪੂਰਾ ਇਨਸਾਫ ਕਰ ਸਕਣ। ਇਉਂ ਪ੍ਰਤੀਤ ਹੁੰਦਾ ਹੈ ਕਿ ਉਹ ਅਸਲੀਅਤ ਤੋਂ ਘਬਰਾਉਂਦੇ ਹਨ ਅਤੇ ਉਸ ਪਾਸੋਂ ਦੂਰ ਨਸਣਾ ਚਾਹੁੰਦੇ ਹਨ ਪਰ ਅਸਲੀਅਤ ਵਲ ਕੰਡ ਕਰਨ ਨਾਲ ਛੁਟਕਾਰਾ ਨਹੀਂ ਮਿਲ ਸਕਦਾ। ਅਸਲੀਅਤ ਉਪਰ ਜਿਤ ਪ੍ਰਾਪਤ ਕਰਨ ਦਾ ਇਕੋ ਹੀ ਰਸਤਾ ਹੈ ਉਹ ਹੈ ਉਸ ਦਾ ਡਟ ਕੇ ਸਾਹਮਣਾ ਕਰਨਾ।

ਇਹ ਠੀਕ ਹੈ ਕਿ ਅਜ ਕਲ ਅਸੀ ਇਕ ਭਿਆਨਕ ਯੁਗ ਵਿਚੋਂ ਲੰਘ ਰਹੇ ਹਾਂ। ਪਿਛਲੇ ਤੀਹਾਂ ਸਾਲਾਂ ਅੰਦਰ ਦੋ ਘੋਰ ਸੰਸਾਰਕ ਯੁਧ ਤਬਾਹੀ ਮਚਾ ਚੁਕੇ ਹਨ। ਵਿਗਿਆਨਕ ਖੋਜ ਬਤਬਾਦੀ ਦੇ ਨਵੇਂ ਰਾਹ ਟੋਲ ਰਹੀ ਹੈ। ਐਟਮ ਬੰਬ ਦੀ ਈਜਾਦ ਨੇ ਦੁਨੀਆਂ ਵਿਚ ਨਵੀਂ ਹਾਲਤ ਪੈਦਾ ਕਰ ਦਿਤੀ ਹੈ। ਹਰ ਥਾਂ ਅਜੇ ਵੀ ਬੇਰੋਜ਼ਗੀ, ਝਗੜੇ,

ਲੜਾਈਆਂ, ਫ਼ਸਾਦ ਚਲ ਰਹੇ ਹਨ। ਨੰਗ, ਭੁਖ, ਗ਼ਰੀਬੀ, ਲਾਚਾਰੀ, ਮੁਸੀਬਤ, ਬੀਮਾਰੀ, ਮੌਤ ਸਾਰੇ ਪਾਸੇ ਖਿਲਰੇ ਵਿਖਾਈ ਦਿੰਦੇ ਹਨ। ਲੋਕਾਂ ਦੇ ਦਿਲਾਂ ਵਿਚੋਂ ਜ਼ੁਲਮ, ਬੇਦਰਦੀ, ਬੇਰਹਿਮੀ, ਮਜ਼ਗੂਰੀ ਅਜੇ ਦੂਰ ਨਹੀਂ ਹੋਏ। ਜ਼ੋਰ ਵਾਲੇ ਦੁਰਬਲਾਂ ਨੂੰ ਦਬਾਣ ਦਾ ਯਤਨ ਕਰ ਰਹੇ ਹਨ। ਆਜ਼ਾਦੀ ਦੀ ਆਵਾਜ਼ ਤਾਂ ਹਰ ਪਾਸਿਉਂ ਆ ਰਹੀ ਹੈ, ਪ੍ਰੰਤੂ ਕਿਧਰੇ ਵਰਤੋਂ ਵਿਚ ਆਈ ਦਿਖਾਈ ਨਹੀਂ ਦੇਂਦੀ। ਕੌਮਾਂ ਵਿਚ ਪਾੜੇ ਘਟਣ ਦੀ ਥਾਂ ਵਧਦੇ ਹੀ ਜਾਪਦੇ ਹਨ, ਭਾਵੇ ਕੌਮਾਂ ਦੀ ਸਾਂਝੀ ਸੰਸਥਾ ਅਸਥਾਪਨ ਹੋਣ ਦਾ ਏਲਾਨ ਹੋ ਚੁਕਾ ਹੈ, ਜਿਸ ਦਾ ਮੁਖ-ਮੰਤਵ ਸੰਸਾਰ ਵਿਚ ਅਮਨ ਅਤੇ ਸ਼ਾਨਤੀ ਕਾਇਮ ਕਰਨਾ ਅਤੇ ਰਖਣਾ ਹੈ। ਅਜੇ ਇਹ ਆਖਣਾ ਕਿ ਸੰਸਾਰ ਵਿਚ ਅਮਨ ਅਤੇ ਖੁਸ਼ਹਾਲੀ ਕਦੋਂ ਅਸਥਾਪਨ ਹੋਣਗੇ ਜਾਂ ਦੁਨੀਆਂ ਵਿਚੋਂ ਬਰਬਾਦੀ, ਭੁਖ, ਨੰਗ, ਬੀਮਾਰੀ, ਬਿਪਤਾ ਕਦੋਂ ਦੂਰ ਹੋਣਗੇ, ਵਡਾ ਕਠਨ ਹੈ।

ਇਨ੍ਹਾਂ ਹਾਲਤਾਂ ਵਿਚ ਸਾਹਿਤ ਪੁਰਾਣੀਆਂ ਲਕੀਰਾਂ ਤੇ ਨਹੀਂ ਚਲ ਸਕਦਾ ਅਤੇ ਕਲਾਕਾਰ ਆਪਣਾ ਫਰਜ਼ ਅਸਲੀਅਤ ਤੋਂ ਮੂੰਹ ਮੋੜਕੇ ਪ੍ਰੇਮ ਭਿੰਨੀਆਂ, ਮਿਨੀਆਂ, ਰੰਗੀਲੀਆਂ, ਸੁਖ, ਆਨੰਦ, ਖੁਸ਼ਹਾਲੀ, ਮੇਲ ਦੋਸਤੀ, ਸ਼ਾਂਤੀ ਦੀਆਂ ਕਹਾਣੀਆਂ ਲਿਖ ਕੇ ਨਹੀਂ ਪੂਰਾ ਕਰ ਸਕਦੇ। ਅਜ ਕਲ ਦੇ ਪਛਮੀ ਨਾਵਲਿਸਟ ਆਪਣੇ ਧਰਮ ਨੂੰ ਭਲੀ-ਪ੍ਰਕਾਰ ਨਿਭਾ ਰਹੇ ਹਨ ਅਤੇ ਸਮੇਂ ਦਾ ਅਸਲੀ ਅਤੇ ਨੰਗਾ ਦ੍ਰਿਸ਼ ਅਤੇ ਮਨੁਖੀ ਲੋੜਾਂ, ਉਮੰਗਾਂ, ਕਠਨਾਈਆਂ ਦੇ ਸਮਾਚਾਰ ਅਤੇ ਉਨ੍ਹਾਂ ਉਤੇ ਡੂੰਘੇ ਵਿਚਾਰ, ਵਡੀ ਯੋਗਤਾ ਅਤੇ ਨਿਰਭੈਤਾ ਸਹਿਤ, ਆਪਣੇ ਪਾਠਕਾਂ ਅਗੇ ਰਖ ਰਹੇ ਹਨ। ਮੇਰਾ ਵਿਸ਼ਵਾਸ ਹੈ ਕਿ ਪੰਜਾਬੀ ਕਲਾਕਾਰਾਂ ਵਿਚ ਅਜੇ ਉਹ ਦਲੇਰੀ ਅਤੇ ਨਿਰਭੈਤਾ ਨਹੀਂ ਆਈ ਜਿਹੜੀ ਇਸ ਯੁਗ ਦੇ ਜ਼ਰੂਰੀ ਸਵਾਲਾਂ ਅਤੇ ਕਠਨਾਈਆਂ ਨੂੰ ਹਲ ਕਰਨ ਲਈ ਅਤੇ ਅਸਲੀਅਤ ਨੂੰ ਸਚਾਈ ਨਾਲ ਦਰਸਾਣ ਲਈ ਲੋੜੀਂਦੀ ਹੈ। ਇਸ ਲਈ ਮੈਂ ਜ਼ਰੂਰੀ ਸਮਝਦਾ ਹਾਂ ਕਿ ਉਨ੍ਹਾਂ ਦੀ ਜਾਣ ਪਛਾਣ ਚੋਣਵਿਆਂ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.